## ਓਨਟੇਰੀਓ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ

ਓਨਟੇਰੀਓ ਦਾ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਜਨਮ ਤੋਂ ਲੈ ਕੇ ਸਕੂਲ ਆਰੰਭ ਕਰਨ ਤਕ ਦੀ ਉਮਰ ਦੇ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ। ਸੂਬੇ ਭਰ ਦੀਆਂ ਅਨੇਕਾਂ ਕਮਿਊਨਿਟੀਆਂ ਵਿੱਚ ਘਰ ਦੇ ਜਿੰਨ੍ਹਾ ਨੇੜੇ ਹੋ ਸਕੇ, ਉਨ੍ਹਾਂ ਨੇੜੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁੱਲਾਂਕਣ ਅਤੇ ਇਲਾਜਾਤਮਕ ਸੇਵਾਵਾਂ ਦੀ ਇੱਕ ਵੰਨਗੀ ਪੇਸ਼ ਕੀਤੀ ਜਾਂਦੀ ਹੈ।

ਜੇ ਆਪਣੇ ਬੱਚੇ ਦੇ ਬੋਲੀ ਅਤੇ ਭਾਸ਼ਾ ਦੇ ਹੁਨਰਾਂ ਬਾਰੇ ਤੁਹਾਡੇ ਮਨ ਵਿੱਚ ਕੋਈ ਤੌਖਲ਼ੇ ਹਨ, ਤੁਸੀਂ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਤੋਂ ਮਦਦ ਹਾਸਲ ਕਰ ਸਕਦੇ ਹੋ। ਪ੍ਰੋਗਰਾਮ ਦੇ ਕਰਮਚਾਰੀ ਤੁਹਾਨੂੰ ਸਿਖਾ ਸਕਦੇ ਹਨ ਕਿ ਆਪਣੇ ਬੱਚੇ ਦਾ ਗੱਲਬਾਤ ਦਾ ਹੁਨਰ ਵਿਕਸਤ ਕਰਨ, ਉਸ ਨੂੰ ਸਿਹਤਮੰਦ ਤਰੀਕੇ ਨਾਲ ਵਧਣ-ਫੁੱਲਣ ਵਿੱਚ ਕਿਵੇਂ ਮਦਦ ਕਰਨੀ ਹੈ।

ਓਨਟੇਰੀਓ ਦਾ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਡਿਵੈਲਪਮੈਂਟ ਪ੍ਰੋਗਰਾਮ ਤੁਹਾਨੂੰ ਬਿਨਾ ਕੋਈ ਫੀਸ ਦਿੱਤਿਆਂ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਦਾ ਫਾਇਦਾ ਉਠਾਉਣ ਲਈ ਤੁਹਾਨੂੰ ਕਿਸੇ ਡਾਕਟਰ ਵੱਲੋਂ ਸਿਫਾਰਸ਼ ਕੀਤੇ ਜਾਣ ਦੀ ਲੋੜ ਨਹੀਂ ਹੁੰਦੀ।

ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਡਿਵੈਲਪਮੈਂਟ ਪ੍ਰੋਗਰਾਮ ਨਾਲ ਸੰਪਰਕ ਕਰੋ, ਜਾਂ ਹੇਠਾਂ ਦਿੱਤੇ ਓਨਟੇਰੀਓ ਸਰਕਾਰ ਦੇ INFOline ਨੰਬਰ ਤੇ ਫੋਨ ਕਰੋ।

**ਵਧੇਰੇ ਜਾਣਕਾਰੀ ਲਈ ਸੰਪਕਰ ਕਰੋ:**

ਓਨਟੇਰੀਓ ਸਰਕਾਰ

INFOline: ਟੋਲ-ਫ੍ਰੀ 1-866-821-7770
TTY 1-800-387-5559
www.children.gov.on.ca

Your preschool child's speech and language development
Catalogue 7710-3137819 Punjabi June/07 ©Queen's Printer for Ontario

ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਂਮ
(PRESCHOOL SPEECH AND LANGUAGE PROGRAM)



# ਸਕੂਲ ਤੋਂ ਪਹਿਲਾਂ ਦੀ ਉਮਰ ਦੇ ਤੁਹਾਡੇ ਬੱਚੇ ਦਾ ਬੋਲੀ ਅਤੇ ਭਾਸ਼ਾ ਦਾ ਵਿਕਾਸ

Ontario



ਸਕੂਲ ਜਾਣ ਤੋਂ ਪਹਿਲਾਂ ਦੀ ਉਮਰ ਦਾ ਤੁਹਾਡਾ ਬੱਚਾ ਗੱਲਬਾਤ ਕਰਨ, ਖੋਜ-ਬੀਨ ਕਰਨ ਅਤੇ ਖੇਡਣ ਵਿੱਚ ਮਗਨ ਹੈ। ਇਸ ਸਾਰੀਆਂ ਸਰਗਰਮੀਆਂ ਉਸ ਦੇ ਵਾਧੇ ਅਤੇ ਵਿਕਾਸ – ਅਤੇ ਗੱਲਬਾਤ ਦਾ ਹੁਨਰ ਸਿੱਖਣ ਲਈ – ਅਹਿਮ ਹਨ।

ਜਦੋਂ ਸਕੂਲ ਜਾਣਾ ਸ਼ੁਰੂ ਦਾ ਵਕਤ ਆਇਆ ਤਾਂ ਤੁਹਾਡੇ ਬੱਚੇ ਨੂੰ ਗੱਲਬਾਤ ਦੇ ਚੰਗੀ ਤਰ੍ਹਾਂ ਵਿਕਸਤ ਹੁਨਰ ਦੀ ਲੋੜ ਪਵੇਗੀ – ਮਿੱਤਰਤਾ ਕਾਇਮ ਕਰਨ, ਨਵੀਆਂ ਗੱਲਾਂ ਸਿੱਖਣ, ਅਤੇ ਲਿਖਣਾ-ਪੜ੍ਹਨਾ ਸਿੱਖਣ ਲਈ। ਭਵਿੱਖ ਵਿੱਚ ਤੁਹਾਡੇ ਬੱਚੇ ਦੀ ਕਾਮਯਾਬੀ ਲਈ ਗੱਲਬਾਤ ਦੇ ਹੁਨਰ ਬੜੇ ਅਹਿਮ ਹਨ।

ਆਪਣੇ ਬੱਚੇ ਦੀ ਗੱਲਬਾਤ ਦਾ ਹੁਨਰ ਵਿਕਸਤ ਕਰਨ ਵਿੱਚ ਤੁਸੀਂ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹੋ। ਆਪਣੇ ਬੱਚੇ ਨਾਲ ਬੋਲਣ, ਸੁਣਨ ਅਤੇ ਖੇਡਣ ਨਾਲ ਉਸ ਵਿੱਚ ਉਹ ਹੁਨਰ ਵਿਕਸਤ ਕਰਨ ਵਿੱਚ ਮਦਦ ਮਿਲੇਗੀ ਜਿਨ੍ਹਾਂ ਦੀ ਉਸ ਨੂੰ ਸਕੂਲ ਵਿੱਚ ਕਾਮਯਾਬ ਹੋਣ ਲਈ ਲੋੜ ਪਵੇਗੀ।

ਹਰ 10 ਵਿੱਚੋਂ ਲਗਭਗ ਇੱਕ ਬੱਚੇ ਨੂੰ ਬੋਲੀ ਅਤੇ ਭਾਸ਼ਾ ਦੇ ਆਮ ਗੁਣ ਵਿਕਸਤ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ। ਬਿਨਾ ਮਦਦ ਤੋਂ ਗੱਲ ਸੁਣਨਾ ਅਤੇ ਕਰਨਾ ਇੱਕ ਸੰਘਰਸ਼ ਹੋ ਕੇ ਰਹਿ ਜਾਂਦਾ ਹੈ, ਸਿੱਖਣਾ ਔਖਾ ਹੁੰਦਾ ਹੈ, ਅਤੇ ਹੋਰਨਾਂ ਬੱਚਿਆਂ ਨਾਲ ਖੇਡਣਾ ਮੁਸ਼ਕਲ ਹੋ ਜਾਂਦਾ ਹੈ।



## ਵਿਕਾਸਾਤਮਕ ਮੀਲ-ਪੱਥਰ

ਇਹ ਵਿਕਾਸਾਤਮਕ ਮੀਲ-ਪੱਥਰ ਬੱਚਿਆਂ ਵੱਲੋਂ ਗੱਲਬਾਤ ਕਰਨਾ ਸਿੱਖਣ ਦੌਰਾਨ ਕੀਤੀ ਤਰੱਕੀ ਦਰਸਾਉਣ ਵਾਲੇ ਹੁਨਰਾਂ ਤੇ ਆਧਾਰਿਤ ਹਨ। ਜੇ ਤੁਹਾਡਾ ਬੱਚਾ ਇਨ੍ਹਾਂ ਵਿੱਚੋਂ ਕੋਈ ਇੱਕ ਜਾਂ ਵਧੇਰੇ ਮੀਲ-ਪੱਥਰਾਂ ਤਕ ਨਹੀਂ ਪਹੁੰਚਦਾ, ਆਪਣੇ ਪ੍ਰੀਸਕੂਲ ਸਪੀਚ ਐਂਡ ਲੈਂਗੁਏਜ ਪ੍ਰੋਗਰਾਮ ਨਾਲ ਸੰਪਰਕ ਕਰੋ ਜੀ।

### 3 ਸਾਲ ਦੇ ਹੋਣ ਤਕ

- "ਕੌਣ", "ਕੀ", "ਕਿੱਥੈ" ਅਤੇ "ਕਿਉਂ" ਵਾਲੇ ਸਵਾਲ ਸਮਝਦਾ ਹੈ
- ਵੱਡੇ ਵਾਕ ਬਣਾਉਂਦਾ ਹੈ, ਆਮ ਤੌਰ ਤੇ 5 ਤੋਂ 8 ਲਫ਼ਜ਼ ਵਰਤਦਿਆਂ
- ਬੀਤੀਆਂ ਗੱਲਾਂ ਬਾਰੇ ਗੱਲ ਕਰਦਾ ਹੈ - ਗਰੈਂਡਪੇਰੈਂਟਸ ਕੋਲ ਜਾ ਕੇ ਆਉਣ, ਡੇ-ਕੇਅਰ ਵਿਖੇ ਫੇਰੀ ਪਾਉਣ ਬਾਰੇ
- ਸਾਦੀਆਂ ਕਹਾਣੀਆਂ ਸੁਣਾਉਂਦਾ ਹੈ
- ਖੇਡ ਦੇ ਮਨਪਸੰਦ ਸਾਥੀਆਂ ਲਈ ਪਿਆਰ ਵਿਖਾਉਂਦਾ ਹੈ
- ਕਈ ਪੜਾਵਾਂ ਵਾਲੀਆਂ ਝੂਠੀਆਂ ਖੇਡਾਂ - ਖਾਣਾ ਬਣਾਉਣਾ, ਕਾਰ ਦੀ ਮੁਰੰਮਤ ਕਰਨਾ - ਕਰਦਾ ਹੈ
- ਬਹੁਤੀ ਵਾਰੀ ਪਰਿਵਾਰ ਤੋਂ ਬਾਹਰਲੇ ਵਿਕਅਤੀ ਵੀ ਉਸ ਦੀ ਗੱਲ ਸਮਝ ਲੈਂਦੇ ਹਨ
- ਛਪਾਈ ਦੇ ਕਾਰਜ - ਮੈਨਿਊ, ਸੂਚੀਆਂ, ਇਸ਼ਾਰਿਆਂ - ਤੋਂ ਬਾਖ਼ਬਰ ਹੈ
- ਉਸ ਦਾ ਤੁਕਬੰਦੀ ਵਿੱਚ ਆਰੰਭਕ ਦਿਲਚਸਪੀ, ਅਤੇ ਸੁਚੇਤਪੁਣਾ, ਹੁੰਦਾ ਹੈ

### 4 ਸਾਲ ਦੇ ਹੋਣ ਤਕ

- ਅਜਿਹੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ ਜਿਨ੍ਹਾਂ ਵਿੱਚ 3 ਤੋਂ ਵਧੇਰੇ ਕਦਮ ਹੋਣ - "ਪਹਿਲਾਂ ਕਾਗਜ਼ ਲੈ, ਫਿਰ ਉਸ ਤੇ ਤਸਵੀਰ ਬਣਾ, ਅਖ਼ੀਰ ਵਿੱਚ ਇਹ ਮਾਂ ਨੂੰ ਦੇ ਦੇਵੀਂ"
- ਬਾਲਗ਼ਾਂ ਵਰਗੀ ਵਿਆਕਰਣ ਵਰਤਦਾ ਹੈ
- ਅਜਿਹੀਆਂ ਕਹਾਣੀਆਂ ਸੁਣਾਉਂਦਾ ਹੈ ਜਿਨ੍ਹਾਂ ਦਾ ਕੋਈ ਸਪਸ਼ਟ ਆਦਿ, ਮੱਧ ਅਤੇ ਅੰਤ ਹੋਵੇ
- ਬਾਲਗ਼ਾਂ ਅਤੇ ਬਾਕੀ ਬੱਚਿਆਂ ਨਾਲ ਮੁਸ਼ਕਲਾਂ ਦੇ ਹੱਲ ਲਈ ਗੱਲਬਾਤ ਕਰਦਾ ਹੈ
- ਅਜਿਹੀਆਂ ਖਿਆਲੀ ਖੇਡਾਂ ਖੇਡਦਾ ਹੈ ਜਿਹੜੀਆਂ ਵਧੇਰੇ ਗੁੰਝਲਦਾਰ ਹੁੰਦੀਆਂ ਜਾਣ
- ਬਹੁਤੀ ਵਾਰੀ ਅਜਨਬੀ ਵਿਕਅਤੀ ਵੀ ਉਸ ਦੀ ਗੱਲ ਸਮਝ ਲੈਂਦੇ ਹਨ
- ਸਾਦੀ ਜਿਹੀ ਤੁਕਬੰਦੀ ਕਰ ਲੈਂਦਾ ਹੈ - "ਕੈਟ-ਬੈਟ"
- ਕਈ ਅੱਖਰਾਂ ਨੂੰ ਉਨ੍ਹਾਂ ਦੀਆਂ ਆਵਾਜ਼ਾਂ ਨਾਲ ਮੇਲ ਸਕਦਾ ਹੈ - ਅੱਖਰ "ਟੀ' ਤੋਂ ਬਣਾ ਹੈ "ਠ੍ਹ"

### 5 ਸਾਲ ਦੇ ਹੋਣ ਤਕ

- ਗਰੁੱਪ ਨੂੰ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ - "ਸਾਰੇ ਮੁੰਡੇ ਇੱਕ-ਇੱਕ ਖਿਡੌਣਾ ਚੁੱਕੋ"
- "ਜੇ ... ਤਾਂ" ਵਾਲੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ - "ਜੇ ਤੂੰ ਦੌੜਨ ਵਾਲੀ ਜੁੱਤੀ ਪਾਈ ਤਾਂ ਜਿੰਮ ਵਾਲੀ ਲਾਈਨ ਵਿੱਚ ਖੜ੍ਹੀ"
- ਬੀਤੀਆਂ, ਵਰਤਮਾਨ ਅਤੇ ਭਵਿੱਖ ਦੀਆਂ ਘਟਨਾਵਾਂ ਵੇਰਵੇ ਨਾਲ ਦੱਸਦਾ ਹੈ
- ਆਪਣੇ ਦੋਸਤਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ
- ਦੋਸਤੀ ਵਿੱਚ ਵਧੇਰੇ ਆਜ਼ਾਦੀ ਮਾਣਦਾ ਹੈ - ਇਕੱਲਾ ਹੀ ਗਲੀ-ਗੁਆਂਢ ਵਿੱਚ ਜਾ ਸਕਦਾ ਹੈ
- ਆਪਣੀ ਭਾਸ਼ਾ ਦੀਆਂ ਲਗਭਗ ਸਾਰੀਆਂ ਆਵਾਜ਼ਾਂ ਕੁੱਝ ਗਲ਼ਤੀਆਂ ਨਾਲ, ਜਾਂ ਬਿਨਾ ਕਿਸੇ ਗਲਤੀ ਦੇ, ਵਰਤਦਾ ਹੈ
- ਐਲਫਾਬੈੱਟ ਦੇ ਸਾਰੇ ਅੱਖਰ ਜਾਣਦਾ ਹੈ
- ਕਈ ਅੱਖਰਾਂ ਨੂੰ ਸ਼ੁਰੂ ਕਰਨ ਵਾਲੇ ਲਫਜ਼ ਜਾਣਦਾ ਹੈ - "ਪੌਪ 'ਫ੍ਹ' ਦੀ ਆਵਾਜ਼ ਨਾਲ ਸ਼ੁਰੂ ਹੁੰਦਾ ਹੈ"

## ਆਪਣੇ ਬੱਚੇ ਨੂੰ ਮੁਸ਼ਕਲਾਂ ਦਾ ਹੱਲ ਕਰਨ, ਫੈਸਲੇ ਕਰਨ, ਵਸਤਾਂ ਅਤੇ ਘਟਨਾਵਾਂ ਦਾ ਵੇਰਵਾ ਦੇਣ, ਅਤੇ ਵਿਚਾਰ ਸਾਂਝੇ ਕਰਨ ਵਿੱਚ ਮਦਦ ਦੇਣ ਲਈ ਹੇਠ ਦਿੱਤੇ ਸੁਝਾਵਾਂ ਵਿੱਚੋਂ ਕੁੱਝ ਨੂੰ ਵਰਤੋ

### 3 ਸਾਲ ਦੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਚਿੱਤਰਕਾਰੀ ਅਤੇ ਝਰੀਟਾਂ ਵਾਹੁਣ ਲਈ ਉਨ੍ਹਾਂ ਨੂੰ ਅਲੱਗ-ਅਲੱਗ ਕਿਸਮ ਦੀ ਸਮੱਗਰੀ ਦਿਉਂ, ਜਿਵੇਂ ਚਾਕ, ਪੈਂਸਲਾਂ, ਕ੍ਰੇਆਨ, ਮਾਰਕਰ, ਉਂਗਲਾਂ ਨਾਲ ਕੀਤੇ ਜਾਣ ਵਾਲੇ ਪੇਂਟ ਵਗੈਰ੍ਹਾ।
- ਜਦੋਂ ਤੁਸੀਂ ਉਸ ਨਾਲ ਗੱਲ ਕਰੋਂ, ਉਹ ਵੇਰਵੇਦਾਰ ਲਫਜ਼, ਜਿਵੇਂ ਰੰਗ, ਅਤੇ ਵਿਰੋਧੀ ਲਫਜ਼ (ਤੱਤਾ/ਠੰਢਾ, ਵੱਡਾ/ਛੋਟਾ, ਤੇਜ਼/ਹੌਲੀ) ਅਤੇ ਕਾਰਵਾਈ ਵਾਲੇ ਲਫਜ਼ (ਉੱਡਣਾ, ਪਾਣੀ ਉਛਾਲਣਾ, ਦੌੜਨਾ) ਵਰਤਦਾ ਹੈ।
- ਆਪਣੀ ਗੱਲ ਕਹਿਣ ਲਈ ਉਸ ਨੂੰ ਫਾਲਤੂ ਸਮਾਂ ਦਿਉ।
- ਉਨ੍ਹਾਂ ਨੂੰ ਫੈਸਲਾ ਕਰਨ ਦੀ ਖੁੱਲ ਦਿਉ - ਕੀ ਭੋਜਨ ਖਾਣਾ ਹੈ, ਕਿਹੜੇ ਖਿਡੌਣਿਆਂ ਨਾਲ ਖੇਡਣਾ ਹੈ, ਕਿਹੜੇ ਕੱਪੜੇ ਪਾਉਣੇ ਹਨ।
- ਉਨ੍ਹਾਂ ਲਈ ਸਹੀ ਆਵਾਜ਼ਾਂ ਅਤੇ ਵਿਅਕਾਰਣ ਕਹਿ ਕੇ ਵਿਖਾਉ - ਬੱਚਾ ਕਹਿੰਦਾ ਹੈ "ਉਹ ਦੌਇਆ", ਤੁਸੀਂ ਕਹੋ, "ਹਾਂ, ਉਹ ਦੌੜਿਆ"।
- ਅਜਿਹੀਆਂ ਕਿਤਾਬਾਂ ਪੜ੍ਹ ਕੇ ਸੁਣਾਉ ਜਿਨ੍ਹਾਂ ਬਾਰੇ ਪੇਸ਼ੀਨਗੋਈ ਕੀਤੀ ਜਾ ਸਕੇ - ਬੱਚੇ ਨੂੰ ਲਫਜ਼ ਅਤੇ ਮੁਹਾਵਰੇ ਕਹਿਣ ਦਾ ਮੌਕਾ ਦੇਣ ਲਈ ਠਹਿਰ ਜਾਉ।
- ਉਨ੍ਹਾਂ ਨਾਲ ਖੇਡੋ ਅਤੇ ਢੌਂਗ ਰਚਾਉ! ਉਹ ਆਪਣੀਆਂ ਮਨਪਸੰਦ ਵੀਡੀਉ ਵਿੱਚੋਂ ਦ੍ਰਿਸ਼ ਖੇਡਣਾ, ਕਿਸੇ ਰੈਸਟੋਰੈਂਟ ਵਿੱਚ ਖਾਣ ਦਾ ਪੱਜ ਲਾਉਣ ਜਾਂ ਅਧਿਆਪਕ ਜਾਂ ਫਾਇਰਫਾਈਟਰ ਬਣ ਕੇ ਖੇਡਣਾ ਪਸੰਦ ਕਰ ਸਕਦੇ ਹਨ।

### 4 ਸਾਲ ਦੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਨ੍ਹਾਂ ਨੂੰ ਹੋਰ ਬੱਚਿਆਂ ਨਾਲ ਖੇਡਣ ਦੇ ਬਹੁਤ ਸਾਰੇ ਮੌਕੇ ਦਿੰਦੇ ਹੋ - ਲਾਇਬ੍ਰੇਰੀ ਵਿਖੇ, ਪਾਰਕ ਵਿਖੇ, ਅਰਲੀ ਯੀਅਰਜ਼ ਸੈਂਟਰ ਵਿਖੇ। ਕਈ ਵਾਰੀ ਉਹ ਸਿਰਫ਼ ਖੇਡਣ ਲਈ ਇੱਕ ਜਾਂ ਦੋ ਦੋਸਤਾਂ ਨੂੰ ਘਰ ਬੁਲਾਉਣਾ ਪਸੰਦ ਕਰਦੇ ਹਨ।
- ਜਦੋਂ ਤੁਸੀਂ ਉਨ੍ਹਾਂ ਨੂੰ ਕਿਤਾਬ ਪੜ੍ਹ ਕੇ ਸੁਣਾਉਂ, ਉਨ੍ਹਾਂ ਲਈ ਕਿਤਾਬ ਵਿਚਲੇ ਅੱਖਰਾਂ ਵੱਲ ਇਸ਼ਾਰਾ ਕਰ ਕੇ ਦੱਸੋ ਅਤੇ ਪੜ੍ਹਨ ਵੇਲੇ ਉਨ੍ਹਾਂ ਨੂੰ ਵਿਖਾਉਣ ਲਈ ਕਿਤਾਬ ਵਿਚਲੇ ਅੱਖਰਾਂ ਥੱਲੇ ਉਂਗਲ ਫੇਰਦੇ ਜਾਉ।
- ਘਟਨਾਵਾਂ ਦੇ ਕ੍ਰਮ ਬਾਰੇ ਗੱਲ ਕਰੋ - ਉਨ੍ਹਾਂ ਨੂੰ ਦੱਸੋ ਕਿ ਪਹਿਲਾਂ ਕੀ ਹੁੰਦਾ ਹੈ, ਉਸ ਤੋਂ ਬਾਅਦ ਕੀ, ਅਤੇ ਅਖੀਰ ਵਿੱਚ ਕੀ - "ਪਹਿਲਾਂ ਅਸੀਂ ਹੱਥ ਧੋਂਦੇ ਹਾਂ, ਫਿਰ ਅਸੀਂ ਸਨੈਕ ਖਾਂਦੇ ਹਾਂ, ਅਤੇ ਆਖੀਰ ਵਿੱਚ ਅਸੀਂ ਭਾਂਡੇ ਸਿੰਕ ਵਿੱਚ ਰੱਖਦੇ ਹਾਂ"।
- ਉਨ੍ਹਾਂ ਨੂੰ ਖੁਦ ਆਪਣੀਆਂ ਕਹਾਣੀਆਂ ਸੁਣਾਉਣ ਲਈ ਉਤਸ਼ਾਹਿਤ ਕਰੋ - ਉਨ੍ਹਾਂ ਨੂੰ ਇਹ ਕਹਿ ਕੇ ਉਹ ਦੱਸਣ ਕਿ ਉਨ੍ਹਾਂ ਦਾ ਦਿਨ ਕਿਵੇਂ ਬੀਤਿਆ, ਦੱਸਣ ਕਿ ਉਨ੍ਹਾਂ ਵੱਲੋਂ ਵੇਖੀ ਕਿਸੇ ਮੂਵੀ ਵਿੱਚ ਕਿਸ ਬਾਰੇ ਸੀ, ਅਤੇ ਇਹ ਕਿ ਉਹ ਤੁਹਾਨੂੰ ਆਪਣੀ ਸਭ ਤੋਂ ਮਨਪਸੰਦ ਕਿਤਾਬ ਬਾਰੇ ਦੱਸਣ।
- ਤੁਕਬੰਦੀ ਵਾਲੇ ਲਫਜ਼ਾਂ - "ਮਾਊਸ/ਹਾਊਸ" - ਵਾਲੀਆਂ ਕਿਤਾਬਾਂ ਪੜ੍ਹੋ ਅਤੇ ਲਫਜ਼ਾਂ ਨੂੰ ਆਰੰਭ ਕਰਨ ਵਾਲੀਆਂ ਧੁਨੀਆਂ ਵੱਲ ਇਸ਼ਾਰਾ ਕਰੋ - "ਮੰਮੀ 'ਮਮਮ' ਦੀ ਧੁਨੀ ਨਾਲ ਸ਼ੁਰੂ ਹੁੰਦਾ ਹੈ - ਇਹ ਅੱਖਰ ਐੱਮ ਬਣਾਦਾ ਹੈ।"

### 5 ਸਾਲ ਦੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਨਵੇਂ ਅਤੇ ਵਧੇਰੇ ਗੁੰਝਲਦਾਰ ਲਫਜ਼ ਵਰਤੋ - "ਪਹਿਲਾਂ/ਬਾਅਦ ਵਿੱਚ", "ਖੁਰਦੁਰਾ/ਮੁਲਾਇਮ", "ਸੌਖਾ/ਔਖਾ", "ਵਿਚਕਾਰ/ਪਾਸੇ", "ਇਕੋ ਜਿਹਾ/ਅਲਹਿਦਾ"।
- ਅੰਕਾਂ ਅਤੇ ਵਸਤਾਂ ਦੀ ਮਿਕਦਾਰ ਬਾਰੇ ਗੱਲ ਕਰੋ - "ਬਹੁਤ ਸਾਰਾ/ਥੋੜਾ ਜਿਹਾ", "ਜ਼ਿਆਦਾ/ਘੱਟ", "ਇੱਕ/ਅਨੇਕ"।
- ਉਨ੍ਹਾਂ ਨੂੰ ਕਹੋ ਕਿ ਦੱਸਣ ਕਿ ਅੱਗੋਂ ਕੀ ਹੋਵੇਗਾ - "ਤੈਨੂੰ ਕੀ ਲੱਗਦੈ ਹੈ ਕਿ ਕੀ ਹੋਵੇਗਾ ਜਦੋਂ ਸੈਮ ਆਪਣਾ ਜਨਮ ਦਿਨ ਦਾ ਤੋਹਫਾ ਖੋਲ੍ਹੇਗਾ?", ਅਤੇ ਫੈਸਲੇ ਕਰਨ ਪਿਛਲੀ ਵਜ੍ਹਾ ਵੀ ਦੱਸੋ - "ਅੱਜ ਸਾਨੂੰ ਕੋਟ ਕਿਉਂ ਪਾਉਣੇ ਪੈਣੇ ਹਨ?"
- ਪੁਸਤਕ ਵਿਚਲੀਆਂ ਤਸਵੀਰਾਂ ਵਰਤਦਿਆਂ ਇੱਕ ਦੂਜੇ ਨੂੰ ਵਾਰੀ ਸਿਰ ਕਹਾਣੀਆਂ ਪੜ੍ਹ ਕੇ ਸੁਣਾਉ - ਬੱਚੇ ਤੁਹਾਨੂੰ ਬੋਲਦਿਆਂ ਸੁਣਨਾ ਚਾਹੁੰਦੇ ਹਨ ਅਤੇ ਫਿਰ ਕਹਾਣੀ ਦਾ ਆਪਣਾ ਸਿਰਜਿਆ ਰੂਪ ਦੱਸਣ ਲਈ ਵਾਰੀ ਚਾਹੁੰਦੇ ਹਨ।
- ਉਨ੍ਹਾਂ ਨੂੰ ਸਮਾਗਮਾਂ ਦੀ ਵਿਉਂਤ ਬਣਾਉਣ ਦਿਉ। ਉਨ੍ਹਾਂ ਨਾਲ ਵਿਚਾਰ ਕਰੋ ਕਿ ਜਨਮਦਿਨ ਦੀ ਪਾਰਟੀ ਤੋਂ ਪਹਿਲਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਜਾਂ ਚਿੜੀਆਘਰ ਜਾਣ ਲਈ ਕਿਵੇਂ ਤਿਆਰ ਹੋਣਾ ਹੈ। ਗੱਲ ਕਰਦਿਆਂ ਆਪਣੇ ਬੱਚੇ ਨੂੰ "ਕਿਉਂ" ਅਤੇ "ਕਿਵੇਂ" ਵਾਲੇ ਸਵਾਲ ਪੁੱਛੋ।
- ਉਨ੍ਹਾਂ ਨੂੰ ਮਦਦ ਲਈ ਆਖੋ। ਤੁਹਾਡਾ ਬੱਚਾ ਕੁੱਕੀਆਂ ਬੇਕ ਕਰਨ, ਮੇਜ਼ ਪਰੋਸਣ, ਲਾਂਡਰੀ ਛਾਂਟਣ ਆਦਿ ਵਿੱਚ ਤੁਹਾਡੀ ਮਦਦ ਕਰ ਕੇ ਖੁਸ਼ ਹੋਵੇਗਾ। ਉਨ੍ਹਾਂ ਨੂੰ ਹਿਦਾਇਤਾਂ ਦਿਉ ਅਤੇ ਵੇਖੋ ਕਿ ਕੀ ਉਹ ਤੁਹਾਨੂੰ ਕਦਮਵਾਰ ਕਾਰਵਾਈ ਦੱਸ ਸਕਦੇ ਹਨ।

